# ਚੋਣਕਾਰ ਰਜਿਸਟਰੇਸ਼ਨ ਅਫਸਰ, 092-ਬਠਿੰਡਾ (ਸ਼ਹਿਰੀ)
## -ਕਮ- ਉਪ ਮੰਡਲ ਮੈਜਿਸਟਰੇਟ, ਬਠਿੰਡਾ

(Room No. 316, 2nd Floor, Mini Secretariat, Bathinda) E-Mail ID :- ero-92@punjab.gov.in

ਪੱਤਰ ਨੰ: 629-630/ਚੋਣਾਂ 2025 ਮਿਤੀ 25/09/2025

ਵੱਲ

01. ਸਮੂਹ ਸੈਕਟਰ ਅਫਸਰ,
    092 ਬਠਿੰਡਾ (ਸ਼ਹਿਰੀ) ਵਿਧਾਨ ਸਭਾ ਹਲਕਾ।
02. ਸਮੂਹ ਬੀ.ਐਲ.ਓਜ਼,
    092 ਬਠਿੰਡਾ (ਸ਼ਹਿਰੀ) ਵਿਧਾਨ ਸਭਾ ਹਲਕਾ।

ਵਿਸ਼ਾ :- Special Intensive Revision (SIR) W.R.T 01-01-2026 regarding.

ਹਵਾਲਾ:- ਮਾਨਯੋਗ ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਦੇ ਦਫਤਰ ਦੇ ਪੱ:ਨੰ:ਚੋਣ-2025/1730-35 ਮਿਤੀ:15-09-2025 ਦੇ ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਵਲੋਂ ਜਾਰੀ ਹਦਾਇਤਾਂ ਅਨੁਸਾਰ ਸਪੈਸ਼ਲ ਇੰਟੈਸਿਵ ਰਵੀਜ਼ਨ 2026 ਸਬੰਧੀ ਬੂਥ ਵਾਈਜ਼ ਐਂਟਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਹੁਣ ਹਰੇਕ ਬੀ.ਐਲ.ਓ ਵਲੋਂ ਆਪਣੇ-ਆਪਣੇ ਬੂਥ ਦੀ 2025 ਦੀ ਵੋਟਰ ਸੂਚੀ ਅਨੁਸਾਰ ਹਰ ਇੱਕ ਵੋਟਰ ਦੀ ਕੈਟਾਗਿਰੀ ਵਾਈਜ਼ ਐਂਟਰੀ ਪਹਿਲਾਂ ਤੋਂ ਹੀ ਭੇਜੇ ਗਏ ਪੋਰਟਲ ਦੇ ਲਿੰਕ ਤੇ ਕੀਤੀ ਜਾਣੀ ਹੈ। ਇੱਥੇ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਵੋਟਰ ਸੂਚੀ 2003 ਅਤੇ 2025 ਵਿੱਚ ਮੈਚਿੰਗ ਕੀਤੇ ਗਏ ਵੋਟਰਾਂ (ਕੈਟਾਗਿਰੀ A-C-D-F) ਦੀ ਐਂਟਰੀ ਧਿਆਨ ਪੂਰਵਕ ਕੀਤੀ ਜਾਵੇ। ਜੇਕਰ ਇਸ ਕੰਮ ਵਿੱਚ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਸਬੰਧਤ ਬੀ.ਐਲ.ਓਜ਼ ਆਪਣੇ ਸੈਕਟਰ ਅਫਸਰ ਰਾਹੀਂ ਤਾਲਮੇਲ ਕਰ ਸਕਦਾ ਹੈ।

ਇਸ ਲਈ ਵਿਧਾਨ ਸਭਾ ਹਲਕਾ 092 ਬਠਿੰਡਾ (ਸ਼ਹਿਰੀ) ਅਧੀਨ ਕੰਮ ਕਰਦੇ ਸਮੂਹ ਬੀ.ਐਲ.ਓਜ਼. ਮਿਤੀ:26-09-2025 ਤੋਂ 30-09-2025 ਤੱਕ ਆਪਣੇ ਪਿਤਰੀ ਵਿਭਾਗ ਸਕੂਲ/ਦਫਤਰ ਤੋਂ ਫਾਰਗ ਹੋ ਕੇ ਆਪਣੇ ਆਪਣੇ ਬੂਥ ਦੀ ਡਾਟਾ ਐਂਟਰੀ ਦਾ ਕੰਮ ਮਿਤੀ:30-09-2025 ਤੱਕ ਮੁਕੰਮਲ ਕਰਨਾ ਯਕੀਨੀ ਬਣਾਉਣਗੇ।

ਸਮੂਹ ਸੈਕਟਰ ਅਫਸਰ ਆਪਣੇ ਅਧੀਨ ਆਉਂਦੇ ਬੀ.ਐਲ.ਓਜ਼ ਦੇ ਕੰਮ ਦੀ ਪ੍ਰੋਗਰੈਸ ਲਈ ਜਿੰਮੇਵਾਰ ਹੋਣਗੇ ਅਤੇ ਇਸ ਕੰਮ ਨੂੰ ਸਮੇਂ ਸਿਰ ਨੇਪਰੇ ਚੜਾਉਣਾ ਯਕੀਨੀ ਬਣਾਉਣਗੇ।

ਨੋਟ:- ਜੇਕਰ ਕਿਸੇ ਵੀ ਬੀ.ਐਲ.ਓਜ਼ ਵਲੋਂ ਦਫਤਰੀ ਡਿਊਟੀ ਤੋਂ ਫਾਰਗ ਹੋ ਕੇ ਵੀ ਉਕਤ ਕੰਮ ਨੂੰ ਨੇਪਰੇ ਨਹੀਂ ਚਾੜਿਆ ਗਿਆ ਤਾਂ ਉਸ ਕਰਮਚਾਰੀ ਦੇ ਖਿਲਾਫ ਚੋਣਾਂ ਦੇ ਕੰਮ ਵਿੱਚ ਵਿਘਨ ਪਾਉਣ ਸਬੰਧੀ ਮਾਨਯੋਗ ਭਾਰਤ ਚੋਣ ਕਮਿਸ਼ਨ ਜੀ ਨੂੰ ਲਿਖ ਦਿੱਤਾ ਜਾਵੇਗਾ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
-ਕਮ-ਉਪ ਮੰਡਲ ਮੈਜਿਸਟਰੇਟ,
ਬਠਿੰਡਾ।
ਮਿਤੀ:25/09/2025

ਪਿੱਠ ਅੰਕਣ ਨੰ:631-634/ਚੋਣਾਂ

ਉਪਰੋਕਤ ਦਾ ਉਤਾਰਾ:-

01 ਮਾਨਯੋਗ ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਨੂੰ ਸੂਚਨਾਂ ਹਿੱਤ।
02 ਸਮੂਹ ਵਿਭਾਗਾਂ ਦੇ ਮੁਖੀ
03 ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ, ਬਠਿੰਡਾ,
04 ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ, ਬਠਿੰਡਾ ਬਠਿੰਡਾ

ਪਾਸ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਇਸ ਚੋਣ ਹਲਕੇ ਅਧੀਨ ਕੰਮ ਕਰਦੇ ਆਪਦੇ ਵਿਭਾਗ ਦੇ ਕਰਮਚਾਰੀਆਂ ਨੂੰ ਬੀ.ਐਲ.ਓ ਡਿਊਟੀ ਲਈ ਮਿਤੀ:26-09-2025 ਤੋਂ 30-09-2025 ਤੱਕ ਫਾਰਗ ਕੀਤਾ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
-ਕਮ-ਉਪ ਮੰਡਲ ਮੈਜਿਸਟਰੇਟ,
ਬਠਿੰਡਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 6486 ਮਿਤੀ 25-09-25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

25/09/25
ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ
25/09/25